# ਪੰਜਾਬ ਐਜੂਸੈਟ ਸੁਸਾਇਟੀ

ਐਸ.ਸੀ.ਓ.ਨੰ: 104-06, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ੍ਹ

ਫ਼ੋਨ ਨੰ:172-2623006, 2623207, 2620106 ਫੈਕਸ:0172-2624687 ਈ-ਮੇਲedusat.punjab@gmail.com


ਵੱਲ

1) ਮੰਡਲ ਸਿੱਖਿਆ ਅਫਸਰ,
   ਨਾਭਾ, ਜਲੰਧਰ, ਫਰੀਦਕੋਟ।
2) ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.),
   ਪੰਜਾਬ ।

ਮੀਮੋ ਨੰ: ASPD(EDUSAT)/NTSE/NMMS/0366-388
ਮਿਤੀ: 8-09-2009

**ਵਿਸ਼ਾ: ਸਕੂਲ ਮੁਖੀਆਂ ਵਲੋਂ ਵਿਦਿਆਰਥੀਆਂ ਦੀ NTSE/NMMS ਦੀਆਂ ਪ੍ਰੀਖਿਆਵਾਂ ਲਈ ਤਿਆਰੀ ਕਰਵਾਉਣ ਸਬੰਧੀ ਪ੍ਰੋਗਰਾਮ।**

ਜਿਲ੍ਹਾ ਸਿੱਖਿਆ ਅਫਸਰਾਂ (ਸੈ.ਸਿ.) ਨਾਲ ਹੋਈਆਂ ਮਹੀਨਾਵਾਰ ਮੀਟਿੰਗਾਂ ਵਿੱਚ ਦਿੱਤੀਆਂ ਹਦਾਇਤਾਂ ਅਨੁਸਾਰ ਉਪਰੋਕਤ ਪ੍ਰੀਖਿਆਵਾਂ ਸੰਬੰਧੀ 11336 ਹੁਸ਼ਿਆਰ ਵਿਦਿਆਰਥੀਆਂ ਦੇ ਨਾਂ ਜਿਲ੍ਹਾ ਸਿੱਖਿਆ ਅਫਸਰਾਂ ਵੱਲੋਂ ਭੇਜੇ ਗਏ ਹਨ। ਜਿਵੇਂ ਕਿ ਵੱਖ-ਵੱਖ ਮੀਟਿੰਗਾਂ ਵਿੱਚ ਦੱਸਿਆ ਗਿਆ ਹੈ ਕਿ ਇਹਨਾਂ ਪ੍ਰੀਖਿਆਵਾਂ ਦੀ ਮਿਤੀ 8 ਨੰਵਬਰ, 2009 ਮਿਥੀ ਹੋਈ ਹੈ ਅਤੇ ਪ੍ਰੀਖਿਆ ਦਾ ਸਮਾਂ 10:00 ਵਜੇ ਤੋਂ 2:00 ਵਜੇ ਤੱਕ ਹੈ (Paper I-MAT 10:00AM to 11:30AM, Paper II-SAT 12:30PM to 2:00 PM) । ਅੱਠਵੀਂ ਜਮਾਤ ਵਿੱਚ ਪੜ੍ਹ ਰਹੇ ਵਿਦਿਆਰਥੀ ਇਸ ਪ੍ਰੀਖਿਆ ਲਈ ਯੋਗ ਹਨ ਅਤੇ ਜ਼ਿਲਿਆਂ ਵਲੋਂ ਦੱਸਿਆ ਗਿਆ ਹੈ ਕਿ ਵਿਦਿਆਰਥੀਆਂ ਨੇ ਪ੍ਰੀਖਿਆ ਲਈ ਅਪਲਾਈ ਕਰ ਦਿੱਤਾ ਹੈ। ਹਰ ਇਕ ਸਕੂਲ ਦੇ ਚੁਣੇ ਹੋਏ ਵਿਦਿਆਰਥੀ ਜਿਨ੍ਹਾਂ ਨੇ ਇਸ ਪ੍ਰੀਖਿਆ ਵਿੱਚ ਭਾਗ ਲੈਣਾ ਹੈ, ਦੀ ਤਿਆਰੀ ਕਰਵਾਉਣ ਲਈ ਸੰਬੰਧਿਤ ਸਕੂਲ ਮੁਖੀ ਖੁਦ ਜ਼ਿੰਮੇਵਾਰ ਹੋਵੇਗਾ ਅਤੇ ਸਕੂਲ ਦੇ ਅਧਿਆਪਕਾਂ ਦੀ ਸਹਾਇਤਾ ਨਾਲ ਇਹਨਾਂ ਵਿਦਿਆਰਥੀਆਂ ਦੀ ਪ੍ਰੀਖਿਆ ਲਈ ਤਿਆਰੀ ਹੇਠ ਲਿਖੇ ਅਨੁਸਾਰ ਉਲੀਕੇ ਪ੍ਰੋਗਰਾਮ ਅਨੁਸਾਰ ਕਰਵਾਏਗਾ।

ਉਪਰੋਕਤ ਪ੍ਰੀਖਿਆਵਾਂ ਹੋਣ ਵਿਚ ਲਗਭਗ ਦੋ ਮਹੀਨੇ ਦਾ ਸਮਾਂ ਬਾਕੀ ਹੈ ਅਤੇ ਜੇਕਰ ਹੇਠ ਲਿਖੇ ਅਨੁਸਾਰ ਇਸ ਸਮੇਂ ਦਾ ਸਦ-ਉਪਯੋਗ ਕਰਦੇ ਹੋਏ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਇਹ ਸੁਨਿਸਚਿਤ ਕਰਨ ਕਿ ਵਿਦਿਆਰਥੀਆਂ ਦੀ ਤਿਆਰੀ ਉਨ੍ਹਾਂ ਦੇ ਸਕੂਲ ਅਧਿਆਪਕਾਂ ਦੁਆਰਾ ਨਿਸਚਿਤ ਪ੍ਰੋਗਰਾਮ ਅਧੀਨ ਕਰਵਾਈ ਜਾ ਰਹੀ ਹੈ ਤਾਂ ਇਸ ਦੇ ਸਿੱਟੇ ਬਹੁਤ ਚੰਗੇ ਨਿਕਲਣ ਦੀ ਸੰਭਾਵਨਾ ਹੈ। ਸਾਰੇ ਸਕੂਲ ਮੁਖੀਆਂ, ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰਾਂ ਅਤੇ ਹੋਰ ਸਬੰਧਤ ਕਰਮਚਾਰੀਆਂ ਨੂੰ ਹੇਠ ਲਿਖੀਆਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨ ਲਈ ਹਦਾਇਤਾਂ ਜਾਰੀ ਕੀਤੀਆਂ ਜਾਣ।

1.0 ਮਿਤੀ 14.9.09 ਤੋਂ 25.9.09 ਤੱਕ ਦੇ ਸਮੇਂ ਦੌਰਾਨ ਸਕੂਲਾਂ ਵਿਚ ਸਤੰਬਰ, 2009 ਟੈਸਟ ਲਏ ਜਾਣੇ ਹਨ, ਇਸ ਲਈ ਸਕੂਲ ਮੁਖੀਆਂ ਦੀ ਨਿਗਰਾਨੀ ਵਿਚ ਸਬੰਧਤ ਵਿਸ਼ਿਆਂ ਦੇ ਅਧਿਆਪਕ ਵਿਦਿਆਰਥੀਆਂ ਨੂੰ ਉਕਤ ਪ੍ਰੀਖਿਆ ਦੀ ਤਿਆਰੀ ਸਕੂਲ ਦੀ ਪ੍ਰੀਖਿਆ ਖਤਮ ਹੋਣ ਤੋਂ ਬਾਅਦ ਘੱਟੋ ਘੱਟ ਦੋ ਘੰਟੇ ਕਰਵਾਉਣਗੇ ਅਤੇ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ ਇਹ ਸੁਨਿਸਚਿਤ ਕਰੇਗਾ ਕਿ ਸਬੰਧਤ ਸਿੱਖਿਆ ਸਮੱਗਰੀ ਵਿਦਿਆਰਥੀਆਂ ਨੂੰ ਸਮੇਂ

ਸਿਰ ਵੈਬਸਾਈਟ www.ssapunjab.org ਦੇ EDUSAT ਲਿੰਕ ਤੋਂ ਡਾਊਨਲੋਡ ਕਰਕੇ ਉਪਲਬਧ ਕਰਵਾ ਦਿੱਤੀ ਗਈ ਹੈ।

(i) ਉਪਰੋਕਤ ਪ੍ਰੋਗਰਾਮ ਤੋਂ ਬਾਅਦ ਸਕੂਲ ਮੁਖੀ ਦੀ ਨਿਗਰਾਨੀ ਵਿਚ ਸਬੰਧਤ ਅਧਿਆਪਕ ਵਿਦਿਆਰਥੀਆਂ ਨੂੰ ਆਪਣੇ ਵਿਸ਼ੇ ਨਾਲ ਸਬੰਧਤ ਪ੍ਰਸ਼ਨ-ਉੱਤਰ ਜ਼ੀਰੋ ( 0 ) ਪੀਰੀਅਡ (ਸਕੂਲ ਲੱਗਣ ਤੋਂ ਪਹਿਲੇ ਪੀਰੀਅਡ ਦੇ ਸ਼ੁਰੂ ਹੋਣ ਤੱਕ) ਸਮਝਾਏਗਾ ਅਤੇ ਸਕੂਲ ਮੁਖੀ ਇਹਨਾਂ ਵਿਦਿਆਰਥੀਆਂ ਅਤੇ ਸਬੰਧਤ ਅਧਿਆਪਕ ਨੂੰ ਸਵੇਰ ਦੀ ਸਭਾ ਤੋਂ ਛੋਟ ਦੇਵੇਗਾ। ਸਕੂਲ ਮੁਖੀ ਆਪਣੀ ਇੱਛਾ ਅਨੁਸਾਰ ਇਸ ਪੀਰੀਅਡ ਨੂੰ ਸਕੂਲ ਸਮੇਂ ਤੋਂ 15 ਮਿੰਟ ਜਾਂ ਅੱਧਾ ਘੰਟਾ ਪਹਿਲਾਂ ਵੀ ਸ਼ੁਰੂ ਕਰਵਾ ਸਕਦਾ ਹੈ ਪਰੰਤੂ ਉਹ ਵਿਦਿਆਰਥੀਆਂ ਦੀ ਦੇਖਭਾਲ ਅਤੇ ਨਿਗਰਾਨੀ ਯਕੀਨੀ ਬਣਾਵੇਗਾ।

(ii) ਅੱਧੀ ਛੁੱਟੀ ਦਾ ਸਮਾਂ ਸਵੇਰੇ ਜ਼ੀਰੋ ਪੀਰਅਡ ਵਿਚ ਕਰਵਾਏ ਗਏ ਕੰਮ ਦਾ ਟੈਸਟ ਲੈਣ ਲਈ ਵਰਤਿਆ ਜਾਏਗਾ ਅਤੇ ਸਬੰਧਤ ਅਧਿਆਪਕ ਵਿਦਿਆਰਥੀਆਂ ਦਾ ਸੰਖੇਪ ਲਿਖਤੀ ਟੈਸਟ ਲੈ ਕੇ ਵਿਦਿਆਰਥੀਆਂ ਨੂੰ ਉਨ੍ਹਾਂ ਦੁਆਰਾ ਪ੍ਰਾਪਤ ਕੀਤੇ ਅੰਕ ਦੱਸਦੇ ਹੋਏ ਗਲਤ ਉਤਰਾਂ ਦਾ ਸਹੀ ਜਵਾਬ ਦੱਸੇਗਾ।

ਉਪਰੋਕਤ ਇਮਤਿਹਾਨਾਂ ਲਈ ਤਿਆਰ ਕਰਵਾਏ ਜਾਣ ਵਾਲੇ ਵਿਸ਼ਿਆਂ ਦੀ ਤਿਆਰੀ ਹੇਠ ਲਿਖੀਆਂ ਮਿਤੀਆਂ ਦੌਰਾਨ ਕਰਵਾਈ ਜਾਵੇਗੀ।

(i) ਸਾਇੰਸ, ਮਿਤੀ 14.9.09 ਤੋਂ 19.9.09 ਤੱਕ

(ii) ਹਿਸਾਬ, ਮਿਤੀ 21.9.09 ਤੋਂ 26.9.09 ਤੱਕ

(iiii) ਸਮਾਜਿਕ ਸਿੱਖਿਆ, ਮਿਤੀ 28.9.09 ਤੋਂ 3.10.09 ਤੱਕ

(iv) ਮੈਂਟਲ ਅਬਿਲਟੀ, ਮਿਤੀ 5.10.09 ਤੋਂ 10.10.09 ਤੱਕ

(v) ਮਿਤੀ 12.10.09 ਨੂੰ ਸਟੇਟ ਦਫਤਰ ਵਲੋਂ ਤਿਆਰ ਕਰਵਾਇਆ ਗਿਆ ਮੈਂਟਲ ਅਬਿਲਟੀ (MAT) ਦਾ ਮੌਕ ਟੈਸਟ (Mock Test) ਲਿਆ ਜਾਵੇਗਾ। ਇਹ ਟੈਸਟ ਸਕੂਲ ਅਧਿਆਪਕ ਦੁਆਰਾ ਵੈਬਸਾਈਟ ਤੋਂ ਡਾਊਨਲੋਡ ਕਰਕੇ ਹਾਰਡ ਕਾਪੀ ਵਿਦਿਆਰਥੀਆਂ ਨੂੰ ਦਿੱਤੀ ਜਾਵੇਗੀ।

(vi) ਮਿਤੀ 13.10.09 ਨੂੰ ਸਟੇਟ ਦਫਤਰ ਵਲੋਂ ਤਿਆਰ ਕਰਵਾਇਆ ਗਿਆ ਵਿਸ਼ਿਆਂ ਦੀ ਯੋਗਤਾ (SAT) ਦਾ ਮੌਕ ਟੈਸਟ (Mock Test) ਲਿਆ ਜਾਵੇਗਾ। ਇਹ ਟੈਸਟ ਸਕੂਲ ਅਧਿਆਪਕ ਦੁਆਰਾ ਵੈਬਸਾਈਟ ਤੋਂ ਡਾਊਨਲੋਡ ਕਰਕੇ ਹਾਰਡ ਕਾਪੀ ਵਿਦਿਆਰਥੀਆਂ ਨੂੰ ਦਿੱਤੀ ਜਾਵੇਗੀ।

**ਦੂਜਾ ਪੜਾਅ:**

(i) ਸਾਇੰਸ,ਮਿਤੀ 14.10.09 ਤੋਂ 17.10.09 ਤੱਕ ਦੁਬਾਰਾ ਤਿਆਰੀ ਕਰਵਾਈ ਜਾਵੇਗੀ

(ii) ਹਿਸਾਬ, ਮਿਤੀ 19.10.09 ਤੋਂ 22.10.09 ਤੱਕ ਦੁਬਾਰਾ ਤਿਆਰੀ ਕਰਵਾਈ ਜਾਵੇਗੀ

(iiii)ਸਮਾਜਿਕ ਸਿੱਖਿਆ, ਮਿਤੀ 23.10.09, 24.10.09 ਅਤੇ 26.10.09, 27.10.09 ਨੂੰ ਦੁਬਾਰਾ ਤਿਆਰੀ ਕਰਵਾਈ ਜਾਵੇਗੀ

(iv) ਮੈਂਟਲ ਅਬਿਲਟੀ ਮਿਤੀ 28.10.09 ਤੋਂ 31.10.09 ਤੱਕ ਦੁਬਾਰਾ ਤਿਆਰੀ ਕਰਵਾਈ ਜਾਵੇਗੀ ।

- ਉਪਰੋਕਤ ਵਿਸ਼ੇ ਸਬੰਧੀ ਇਥੇ ਦੱਸਣਾ ਤਰਕਸੰਗਤ ਹੈ ਕਿ ਫਿਜਿਕਸ, ਕੈਮਿਸਟਰੀ, ਬਾਇਲੋਜੀ, ਹਿਸਟਰੀ, ਜਿਓਗਰਾਫੀ, ਸਿਵਿਕਸ, ਮੈਥ ਅਤੇ ਮੈਂਟਲ ਅਬਿਲਟੀ ਸਬੰਧੀ ਪ੍ਰਸ਼ਨ-ਉੱਤਰ ਤਿਆਰ ਕਰਵਾਉਣ ਉਪਰੰਤ ਵੈਬਸਾਈਟ www.ssapunjab.org ਦੇ EDUSAT ਲਿੰਕ ਤੇ ਉਪਲਬਧ ਹਨ। ਹਰ ਇਕ ਵਿਸ਼ੇ ਦੇ

ਪ੍ਰਸ਼ਨ-ਉੱਤਰਾਂ ਦੀ ਗਿਣਤੀ ਸਾਰੇ ਵਿਸ਼ਿਆਂ ਦੀ ਲਗਭਗ 100 ਹੈ ਜਦੋਂਕਿ ਹਿਸਟਰੀ ਦੇ ਪ੍ਰਸ਼ਨ-ਉੱਤਰ 250 ਹਨ।

- ਜਿਨ੍ਹਾਂ ਸਕੂਲਾਂ ਵਿਚ ਸਬੰਧਤ ਵਿਸ਼ੇ ਦੇ ਅਧਿਆਪਕ ਨਹੀਂ ਹਨ, ਉਨ੍ਹਾਂ ਸਕੂਲਾਂ ਵਿਚ ਤਿਆਰੀ ਲਈ ਕਲੱਸਟਰ ਦੇ ਹੋਰ ਸਕੂਲਾਂ ਵਿਚੋਂ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਰਾਹੀਂ ਉਸ ਵਿਸ਼ੇ ਦੇ ਅਧਿਅਪਕਾਂ ਦੀ ਡਿਊਟੀ ਲਗਾਈ ਜਾਵੇਗੀ।
- ਇਸ ਸਪੈਸ਼ਲ ਪ੍ਰੀਖਿਆ ਦੀ ਤਿਆਰੀ ਦੌਰਾਨ ਮੁੱਖ ਦਫਤਰ ਤੋਂ ਵਿਸ਼ਾ ਮਾਹਿਰਾਂ ਦੀਆਂ ਟੀਮਾਂ ਪ੍ਰੋਗਰਾਮ ਦੇ ਮੁਲਾਅੰਕਣ ਲਈ ਸਕੂਲਾਂ ਵਿਚ ਦੌਰੇ ਕਰਨਗੀਆਂ ਅਤੇ ਕੋਚਿੰਗ ਸਬੰਧੀ ਰਿਪੋਰਟ ਅਤੇ ਸੁਝਾਅ ਸਮੇਂ ਸਿਰ ਸਹੀ ਕਰਤਾ ਨੂੰ ਭੇਜਣਗੇ। ਜ਼ਿਲ੍ਹਾ ਸਿੱਖਿਆ ਅਫਸਰ ਆਪਣੀ ਪੱਧਰ ਤੇ ਵੀ ਇਸ ਪ੍ਰੋਗਰਾਮ ਦੀ ਮਨੀਟਰਿੰਗ ਕਰਨਗੇ ਅਤੇ ਰਿਪੋਰਟ ਮੁੱਖ ਦਫਤਰ ਨੂੰ ਭੇਜਣਗੇ।
- ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ ਆਪਣੇ ਜ਼ਿਲੇ ਵਿਚ ਇਹ ਸੁਨਿਸ਼ਚਿਤ ਕਰਨਗੇ ਕਿ ਵਿਦਿਆਰਥੀਆਂ ਦੀ ਉਕਤ ਕੋਚਿੰਗ ਮਿੱਥੇ ਸ਼ਡਿਊਲ ਅਨੁਸਾਰ ਚੱਲ ਰਹੀ ਹੈ। ਸਕੂਲਾਂ ਵਿਚ ਲਏ ਜਾਣ ਵਾਲੇ ਮੌਕ ਟੈਸਟ (Mock Test) ਦਾ ਮੁਲਾਅੰਕਣ ਵੀ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ ਦੀ ਨਿਗਰਾਨੀ ਵਿਚ ਕਰਵਾਇਆ ਜਾਵੇਗਾ।

ਪਹਿਲੇ ਹਫਤੇ ਦੇ ਪ੍ਰੋਗਰਾਮ ਤੋਂ ਬਾਅਦ ਇਸ ਪ੍ਰੋਗਰਾਮ ਸਬੰਧੀ ਮੁਲਾਅੰਕਣ ਕਰਨ ਲਈ ਪ੍ਰੋਜੈਕਟ ਡਾਇਰੈਕਟਰ ਜੀ ਦੀ ਪ੍ਰਧਾਨਗੀ ਹੇਠ ਮੀਟਿੰਗ ਬੁਲਾਈ ਜਾਵੇਗੀ, ਜਿਸ ਵਿਚ ਜ਼ਿਲਿਆਂ ਦੀਆਂ ਰਿਪੋਰਟਾਂ ਤੇ ਵਿਚਾਰ ਕੀਤਾ ਜਾਵੇਗਾ ਅਤੇ ਡਿਫਾਲਟਰ ਜ਼ਿਲਿਆਂ / ਸਕੂਲਾਂ ਦੀ ਰਿਪੋਰਟ ਮੀਟਿੰਗ ਵਿਚ ਪੇਸ਼ ਕੀਤੀ ਜਾਵੇਗੀ।

2.0 ਇਹ ਵੀ ਦੱਸਿਆ ਜਾਂਦਾ ਹੈ ਕਿ ਇਸ ਪ੍ਰੀਖਿਆ ਸਬੰਧੀ ਵਿਸ਼ਾ ਮਾਹਿਰਾਂ ਵੱਲੋਂ ਤਿਆਰ ਕੀਤੇ ਹੋਏ ਪ੍ਰਸ਼ਨ ਬੈਂਕ ਐਜੂਸੈਟ ਦੀ ਵੈੱਬਸਾਇਟ www.ssapunjab.org ਤੇ ਉਪਲਬਧ ਹਨ ਅਤੇ ਐਜੂਸੈਟ ਲਿੰਕ ਤੇ ਕਲਿੱਕ ਕਰਨ ਨਾਲ ਡਾਉਨਲੋਡ ਕੀਤੇ ਜਾ ਸਕਦੇ ਹਨ। ਮੁੱਖ ਅਧਿਆਪਕ ਇਹ ਸੁਨਿਸ਼ਚਿਤ ਕਰੇਗਾ ਕਿ ਇਸ ਪ੍ਰਸ਼ਨ ਬੈਂਕ ਦੀ ਹਾਰਡ ਕਾਪੀ ਹਰ ਇਕ ਭਾਗ ਲੈਣ ਵਾਲੇ ਵਿਦਿਆਰਥੀ ਨੂੰ ਉਪਲਬਧ ਕਰਾਵੇ।

**ਕ੍ਰਿਸ਼ਨ ਕੁਮਾਰ, ਆਈ.ਏ.ਐਸ.,**
**ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ,**
**ਪੰਜਾਬ, ਚੰਡੀਗੜ੍ਹ ।**

ਪਿੱਠ ਅੰਕਣ ਨੰ. ASPD(EDUSAT)/NTSE/NMMS/0389-411 ਮਿਤੀ: 8-09-2009

ਉਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1) ਡਿਪਟੀ ਡਾਇਰੈਕਟਰ, ਐਸ.ਆਈ.ਐਸ.ਈ., ਪੰਜਾਬ, ਚੰਡੀਗੜ੍ਹ,
2) ਸ੍ਰੀ ਸੰਦੀਪ ਵਰਮਾ, ਪ੍ਰੋਗਰਾਮ ਕੋਆਰਡੀਨੇਟਰ, ਐਸ.ਆਈ.ਐਸ.ਈ., ਪੰਜਾਬ, ਚੰਡੀਗੜ੍ਹ,
3) ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ, ਪੰਜਾਬ,
4) ਜ਼ਿਲ੍ਹਾ ਐਜੂਸੈਟ ਕੋਆਰਡੀਨੇਟਰ, ਪੰਜਾਬ

**ਸਹੀ/-**

**ਅਸਿਸਟੈਂਟ ਸਟੇਟ ਪ੍ਰੋਜੈਕਟ ਡਾਇਰੈਕਟਰ**
**ਵਾ. ਪ੍ਰੋਜੈਕਟ ਡਾਇਰੈਕਟਰ**
**ਪੰਜਾਬ ਐਜੂਸੈਟ ਸੁਸਾਇਟੀ**